CBSE Class 12 Punjabi 2011 - 4/1

Question Paper

Conducted by the Central Board of Secondary Education (CBSE)

Time Allowed: 3 Hours **Maximum Marks: 100**

General Instructions

(i) This question paper contains 16 main questions.

(ii) Write the serial number of each question before attempting it.

(iii) Follow the internal choices and word limits printed with the individual questions.

(iv) An additional 15 minutes is allotted for reading the question paper. Do not write answers during this reading period.

Questions

1.

ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਦਿਉ :
ਮਿਤ੍ਰ ਦੀ ਅੱਖ ਜ਼ਾਹਰੀ ਅੱਖਾਂ ਨਾਲ ਦਿੱਸਦੀ ਜਾਂ ਮਨ ਉੱਪਰ ਪਏ ਧੁੱਪ ਛਾਂ ਦੀਆਂ ਪ੍ਰਤੀਤਾਂ ਤੇ ਯਕੀਨਾਂ ਦੀ ਬਣੀ ਇਉਂ ਆਖੀ 'ਅਸਲੀਅਤ' ਨੂੰ ਨਹੀਂ ਵੇਖਦੀ । ਉਸ ਵਿੱਚ ਇੱਕ ਪਾਰਦਰਸ਼ੀ ਸ਼ਕਤੀ ਹੁੰਦੀ ਹੈ, ਜਿਹੜੀ ਇਨ੍ਹਾਂ ਪਰਦਿਆਂ ਤੇ ਕਪੜਿਆਂ ਥੀ ਪਾਰ ਪਏ ਕਿਸੀ ਆਦਰਸ਼ ਦਿਵਯਤਾ ਦੇ ਰੂਪ ਨੂੰ ਵੇਖਦੀ ਹੈ ਉਹਨੂੰ 'ਉਸ ਜਿਹਾ ਹੋਰ ਨਾ ਕੋਈ ਮਿਤ੍ਰ' ਲਗਦਾ ਹੈ, ਤੇ ਉਥੇ ਕਰਮਾਂ ਦੀ ਕਾਲਖ ਉਸਨੂੰ ਉਸ ਰੂਪ ਵਿਚ ਨਹੀਂ ਦਿਸਦੀ, ਉਸ ਨੂੰ ਕਰੂਪਤਾ ਕੀ ਮਾਨਸਿਕ ਤੇ ਕੀ ਸਰੀਰਕ ਨਹੀਂ ਦਿਸਦੀ ।
(ੳ) ਇਸ ਪੈਰੇ ਨੂੰ ਢੁਕਵਾਂ ਸਿਰਲੇਖ ਦਿਉ ।
(ਅ) ਮਿਤ੍ਰ ਦੀ ਅੱਖ ਦੀ ਕੀ ਸ਼ਕਤੀ ਹੁੰਦੀ ਹੈ ?
(ੲ) ਮਾਨਸਿਕ ਤੇ ਸਰੀਰਕ ਕਰੂਪਤਾ ਕੀ ਹੁੰਦੀ ਹੈ ?
(ਸ) 'ਦਿਵਯਤਾ' ਅਤੇ 'ਜ਼ਾਹਰੀ' ਦਾ ਕੀ ਅਰਥ ਹੈ ?

2.

ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਪਰ 250 ਸ਼ਬਦਾਂ ਦਾ ਲੇਖ ਲਿਖੋ :
(ੳ) ਭਾਰਤੀ ਸੰਸਦ
(ਅ) ਆਤੰਕਵਾਦ ਦੀ ਸੱਮਸਿਆ
(ੲ) ਵਿਦਿਆਰਥੀ ਤੇ ਰਾਜਨੀਤੀ
(ਸ) ਮੋਬਾਇਲ ਫ਼ੋਨ ਦੇ ਫ਼ਾਇਦੇ ਤੇ ਨੁਕਸਾਨ

3.

ਹੁਣੇ ਵੇਖੇ ਕਿਸੇ ਟੀ.ਵੀ. ਪ੍ਰੋਗਰਾਮ ਬਾਰੇ ਆਪਣੇ ਵਿਚਾਰ ਪੇਸ਼ ਕਰੋ ।

OR

3.

ਆਪਣੇ ਕਿਸੇ ਸਫ਼ਰ ਦੇ ਅਨੁਭਵ ਨੂੰ ਪੇਸ਼ ਕਰੋ ।

4.

ਦੇਰ ਰਾਤ ਤਕ ਗਲੀਆਂ ਵਿੱਚ ਲਾਊਡਸਪੀਕਰਾਂ ਦੇ ਸ਼ੋਰ ਬਾਰੇ ਆਪਣੀ ਰਾਏ ਦਿੰਦਿਆਂ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ।

OR

4.

ਗਲੀਆਂ-ਬਜ਼ਾਰਾਂ ਵਿਚ ਪਾਰਕਿੰਗ ਦੀ ਸਮੱਸਿਆ ਬਾਰੇ ਦਸਦਿਆਂ ਸੰਪਾਦਕ ਨੂੰ ਇੱਕ ਚਿੱਠੀ ਲਿਖੋ ।

5.

ਹੇਠ ਲਿਖੇ ਮੁਹਾਵਰਿਆਂ ਵਿਚੋਂ ਤਿੰਨ ਦੇ ਅਰਥ ਦਸ ਕੇ ਉਹਨਾਂ ਨੂੰ ਵਾਕਾਂ ਵਿੱਚ ਵਰਤੋ :
(ੳ) ਧੱਕਾ ਕਰਨਾ
(ਅ) ਧੱਕੇ ਪੈਣੇ
(ੲ) ਰੇਖ ਵਿਚ ਮੇਖ ਮਾਰਨੀ
(ਸ) ਮੱਸ ਫੁੱਟਣੀ
(ਹ) ਮੱਥਾ ਮਾਰਨਾ

6.

ਹੇਠ ਲਿਖੇ ਅਖਾਣਾਂ ਵਿਚੋਂ ਦੋ ਨੂੰ ਵਾਕਾਂ ਵਿਚ ਵਰਤੋ :
(ੳ) ਹੋਰੀ ਨੂੰ ਹੋਰੀ ਦੀ, ਅੰਨ੍ਹੇ ਨੂੰ ਡੰਗੋਰੀ ਦੀ
(ਅ) ਜਿੰਨੀ ਨ੍ਹਾਤੀ ਓਨਾ ਪੁੰਨ
(ੲ) ਦੇਸੀ ਟੱਟੂ, ਖ਼ੁਰਾਸਾਨੀ ਦੁੱਲਤੇ
(ਸ) ਥਾਲੀ ਵਿੱਚ ਲੂਣ ਨਹੀਂ ਭੰਨੀਦਾ

7.

ਹੇਠ ਲਿਖੇ ਪੈਰੇ ਵਿਚ ਸਹੀ ਵਿਸਰਾਮ ਚਿੰਨ੍ਹ ਲਗਾਓ :
ਕਈ ਦਿਨ ਤੋਂ ਉਹ ਸ਼ਹਿਰ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ ਕਿਉਂਕਿ ਉਥੇ ਮੇਲਾ ਲਗਿਆ ਹੋਇਆ ਸੀ ਜਿਸ ਵਿਚੋਂ ਉਸਨੇ ਕੁਝ ਚੀਜ਼ਾ ਖ਼ਰੀਦਣੀਆਂ ਸਨ

8.

ਹੇਠ ਲਿਖੇ ਵਾਕਾਂ ਦੀ ਵਾਕ-ਬੰਡ ਕਰੋ :
(ੳ) ਰਾਮ ਘਰ ਆਇਆ ਤਾਂ ਉਸਦੀ ਪਤਨੀ ਨੇ ਰੋਟੀ ਨੂੰ ਹੱਥ ਲਾਇਆ ।
(ਅ) ਰਮੇਸ਼ ਦਫਤਰ ਗਿਆ ਹੋਇਆ ਸੀ, ਆ ਗਿਆ ਹੈ ?

9.

ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :
(ੳ) ਸੰਪ੍ਰਦਾਈ ਤਾਲੀਮ ਲਈ ਕੋਈ ਨਹੀਂ ਗੁੰਜਾਇਸ਼ ਗੁਰੂ ਗ੍ਰੰਥ ਸਾਹਿਬ ਵਿਚ ਵੀ
(ਅ) ਮੈਂ ਕਰਾਂਗਾ ਤੇਰੀ ਸਹਾਇਤਾ ਆਪ
(ਏ) ਮੈਂ ਤਿਆਰੀ ਕੀਤੀ ਹੈ ਬੜੀ ਇਮਤਿਹਾਨ ਦੀ

10(i).

ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੇ ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਦਿਉ :
ਸਿਰ ਆਪਣੇ ਨੀਵੇਂ ਕੀਤੇ,
ਪਸ਼ੂਆਂ ਦਾ ਚੁੱਪ ਚੁਪੀਤੇ,
ਚੁਗਲਾ ਤੇ ਰਜਲਾ ਤੇ ਨੱਸਲਾ ।
ਦੇਖ ਦੇਖ ਮੁੜ ਮੁੜ ਲੋਚਾਂ
ਮੈਂ ਮੁੜ ਪਸ਼ੂ ਥੀਣ ਨੂੰ,
ਆਦਮੀ ਬਣ ਬਣ ਥੱਕਿਆ ।
(ੳ) ਇਹ ਕਾਵਿ-ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?
(ਅ) ਤੁਹਾਨੂੰ ਪਸ਼ੂਆਂ-ਦਾ ਇਹ ਦ੍ਰਿਸ਼ ਕੈਸਾ ਲੱਗਾ ਹੈ ?
(ਏ) ਕਵੀ 'ਆਦਮੀ ਬਣ ਬਣ ਥੱਕਿਆ' ਹੈ-ਕਿਉਂ ?
(ਸ) 'ਚੁਗਲਾ' ਅਤੇ ਥੀਣ ਦਾ ਕੀ ਅਰਥ ਹੈ ?

OR

10(ii).

ਆਪੇ ਨੀ ਮੈ ਬਾਲੜੀ,
ਮੈਂ ਹਾਲੇ ਆਪ ਮੱਤਾ ਜੋਗੀ
ਮੱਤ ਕਿਹੜਾ ਏਸ ਨੂੰ ਦਵੇ ?
ਆਖ ਸੂ ਨੀਂ ਮਾਏ ਇਹਨੂੰ
ਰੋਵੇ ਬੁਲ੍ਹ ਚਿੱਥ ਕੇ ਨੀ
ਜਗ ਕਿਤੇ ਸੁਣ ਨਾ ਲਵੇ ।
(ੳ) ਇਹ ਕਾਵਿ-ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?
(ਅ) ਇਹਨਾਂ ਸਤਰਾਂ ਦਾ ਭਾਵ ਸੱਪਸ਼ਟ ਕਰੋ ।
(ਏ) 'ਬੁਲ ਚਿੱਥ ਕੇ ਰੋਣ' ਦਾ ਕੀ ਅਰਥ ਹੈ ?
(ਸ) ਇਨ੍ਹਾਂ ਸਤਰਾਂ ਵਿੱਚ ਕੌਣ ਕਿਸ ਨੂੰ ਸੰਬੋਧਿਤ ਹੈ ?

11.

'ਹਵਾ ਦਾ ਜੀਵਨ' ਨਾਮਕ ਕਵਿਤਾ ਦਾ ਸੰਦੇਸ਼ ਕੀ ਹੈ ?

OR

11.

'ਉਸ਼ਾ' ਕਵਿਤਾ ਵਿਚ ਕਵੀ ਕੀ ਉਪਦੇਸ਼ ਦਿੰਦਾ ਹੈ ?

12(i).

ਹੇਠ ਲਿਖੇ ਕਥਾ-ਅੰਸ਼ ਵਿਚੋਂ ਕਿਸੇ ਇੱਕ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :
ਕੋਈ ਚਾਰ ਬਜੇ ਸਵੇਰੇ ਖੇਤ ਵਿੱਚ ਵੜਦਿਆਂ ਹੀ ਕੁਲਦੀਪ ਸਿੰਘ ਟਾਰਚਾਂ ਮਾਰ ਮਾਰ ਕੱਢੇ ਹੋਏ ਦਾਣਿਆਂ ਦੇ ਬੋਹਲ ਤੇ ਪਈਆਂ ਹੋਈਆਂ ਭਰੀਆਂ ਵਲ ਵਾਰੋ ਵਾਰੀ ਵੇਖ ਰਿਹਾ ਸੀ । ਅੰਦਰੋਂ ਅੰਦਰ ਉਸਨੂੰ ਡਰ ਕੁਤਰ-ਕੁਤਰ ਖਾ ਰਿਹਾ ਸੀ, ਨਾ ਜਾਣੀਏ ਹੁਣੇ ਮੀਂਹ ਲਹਿ ਪਵੇ, ਕੰਮ ਰੁਕਣ ਦਾ ਡਰ, ਵਾਧੂ ਦੀ ਰਾਖੀ ...
(ੳ) ਇਸ ਕਥਾ-ਅੰਸ਼ ਨੂੰ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਵਿਚੋਂ ਲਿਆ ਗਿਆ ਹੈ ?
(ਅ) ਕੁਲਦੀਪ ਸਿੰਘ ਨੂੰ ਕਿਹੜਾ ਡਰ ਖਾ ਰਿਹਾ ਸੀ ?

OR

12(ii).

ਹੁਕਮਾ ਤਲੀ ਉੱਤੇ ਤਾਰੇ-ਮੀਰੇ ਦੀ ਪੇੜੀ ਲਈ ਆਉਂਦਾ ਅੰਦਰ ਦਾ ਪਾਲਾ ਮੰਨ ਕੇ ਹੌਲੀ ਬੋਲਿਆ, "ਰਾਹ ਦੀ ਮਿੱਟੀ ਛੁਹਾ ਕੇ ਚੁਲ੍ਹੇ ਵਿੱਚ ਪਾ ਦਈਂ ਚਿੰਤ ਕੁਰੇ, ਬਾਜੀ ਬਾਜੀ ਅੱਖ ਤਾਂ ਪੱਥਰ ਨੂੰ ਪਾੜ ਜਾਂਦੀ ਐ ।"
(ੳ) ਹੁਕਮੇ ਨੂੰ ਅੰਦਰ ਦਾ ਕੀ ਪਾਲਾ ਸੀ ?
(ਅ) ਇਹ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਦੀਆਂ ਸਤਰਾਂ ਹਨ ?

13.

'ਇਤ ਭਰਵਾਸੇ' ਕਹਾਣੀ ਵਿਚ ਪੇਸ਼ ਇੰਦਰ ਦੇ ਚਰਿਤ੍ਰ ਨੂੰ ਸਪਸ਼ਟ ਕਰੋ :

OR

13.

'ਸ਼ੇਰਨੀਆਂ' ਕਹਾਣੀ ਦਾ ਮੁੱਖ ਵਿਸ਼ਾ ਕੀ ਹੈ ?

14(i).

ਹੇਠ ਦਿੱਤੇ ਬਾਰਤਾਲਾਪ ਦੇ ਅੰਸ਼ਾ ਵਿਚੋਂ ਕਿਸੇ ਇੱਕ ਦੇ ਅੰਤ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :
ਹਾਂ, ਪੇਟ ਤਾਂ ਭਰ ਹੀ ਆਇਆਂ । ਪਰ ..... ਆਪਣੀ ਜ਼ਿੰਦਗੀ ਦੀ ਸਾਥਣ ਨਾਲ ਨਾ ਹੋਵੇ ਤਾਂ ਮਜ਼ਾ ਨਹੀਂ । ਫੇਰ ਇਨ੍ਹਾਂ ਹਨੀਮੂਨ ਦੇ ਦਿਨਾਂ ਵਿੱਚ ਜਦੋਂ ਦਿੱਲ ਦਾ ਸਮੁੰਦਰ ਰੀਝਾਂ ਨਾਲ ਠਾਠਾਂ ਮਾਰਦਾ ਪਿਆ ਹੋਵੇ ।
(ੳ) ਇਹ ਵਾਰਤਾਲਾਪ ਕਿਨ੍ਹਾਂ ਪਾਤਰਾਂ ਵਿਚਾਲੇ ਹੈ ?
(ਅ) ਇਸ ਵਾਰਤਾਲਾਪ ਸਮੇਂ ਇਹ ਪਾਤਰ ਕਿਸ ਸਥਾਨ ਤੇ ਹਨ ?
(ਏ) ਇਹ ਬੋਲਾਂ ਵਾਲਾ ਪਾਤਰ ਉਦਾਸ ਕਿਉਂ ਦਿਸਦਾ ਹੈ ?
(ਸ) ਇਨ੍ਹਾਂ ਬੋਲਾਂ ਦਾ ਪ੍ਰਸੰਗ ਸਪਸ਼ਟ ਕਰੋ ।

OR

14(ii).

ਤੇਰੀ ਵੀ ਸਮਝ ਨਹੀਂ ਆਉਂਦੀ ਰਾਮ । ਕਦੀ ਆਖਨਾ ਏ ਭਾਵੁਕਤਾ ਗ੍ਰਹਿਣ ਕਰੋ, ਕਦੀ ਆਖਨਾ ਏ ਭਾਵੁਕਤਾ ਤਿਆਗ ਦਿਉ ।
(ੳ) ਇਹ ਬੋਲ ਨਾਟਕ ਦੇ ਕਿਸ ਭਾਗ ਨਾਲ ਸੰਬੰਧਿਤ ਹਨ ?
(ਅ) ਇਨ੍ਹਾਂ ਬੋਲਾਂ ਦਾ ਪ੍ਰਸੰਗ ਕੀ ਹੈ ?
(ਏ) ਇਹ ਬੋਲ ਕੌਣ ਬੋਲ ਰਿਹਾ ਹੈ ?
(ਸ) ਨਾਟਕੀ ਸਥਿਤੀ ਤੋਂ ਬਾਹਰ ਹੋਰ ਕਿਹੜੇ ਅਰਥ ਇਨ੍ਹਾਂ ਬੋਲਾਂ ਵਿਚੋਂ ਪ੍ਰਗਟ ਹੁੰਦੇ ਹਨ ?

15.

ਨਾਟਕ 'ਰਚਨਾ ਰਾਮ ਬਣਾਈ' ਦੇ ਪਾਤਰਾਂ ਬਾਰੇ ਵਿਸ਼ੇਸ਼ ਟਿੱਪਣੀ ਕਰੋ ।

16.

ਪੰਜਾਬੀ ਸਾਹਿਤ ਦੇ 'ਆਦਿਕਾਲ' ਨਾਲ ਜਾਣ-ਪਛਾਣ ਕਰਾਉ ।

OR

16.

ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਬਾਰੇ ਚਰਚਾ ਕਰੋ ।

- End of Question Paper -